# JIYA LAL MITTAL DAV PUBLIC SCHOOL

**GRADE – V SA-I (Sept, 2015)**

**SUBJECT – PUNJABI**

**TIME:3hrs MM:90**

- ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
- ਲਿਖਾਈ ਸੁੰਦਰ ਅਤੇ ਸਾਫ਼-ਸਾਫ਼ ਕਰੋ ।

## ਭਾਗ – ੳ

**ਪ੍ਰਸ਼ਨ1: ਹੇਠ ਲਿਖੇ ਪੈਰ੍ਹੇ ਨੂੰ ਧਿਆਨ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ : (10)**

ਟੈਲੀਵਿਜ਼ਨ ਦਾ ਪਸਾਰ ਹੋਣ ਤੋਂ ਪਹਿਲਾਂ ਸਿਨਮਾ ਵਰਤਮਾਨ ਮਨੁੱਖੀ ਮਨੋਰੰਜਨ ਦਾ ਪ੍ਰਮੁੱਖ ਸਾਧਨ ਰਿਹਾ ਹੈ । ਅੱਜ ਵੀ ਨਵੀਆਂ ਫਿਲਮਾਂ ਦਾ ਪੂਰਨ ਆਨੰਦ ਸਿਨਮਾ-ਘਰ ਵਿੱਚ ਬੈਠ ਕੇ ਲਿਆ ਜਾ ਸਕਦਾ ਹੈ। ਉਂਝ ਜਿਨਾਂ ਲੋਕਾਂ ਕੋਲ, ਅਜੇ ਵੀ ਟੈਲੀਵਿਜਨ ਨਹੀਂ, ਸਿਨੇਮਾ ਉਨਾਂ ਦੇ ਮਨੋਰੰਜਨ ਦਾ ਪ੍ਰਮੁੱਖ, ਸਸਤਾ ਤੇ ਵਧੀਆ ਸਾਧਨ ਹੈ । ਇਸ ਦੀ ਲੋਕ ਪ੍ਰਿਯਤਾ ਦਿਨੋ-ਦਿਨ ਵਧਦੀ ਗਈ ਹੈ । ਇਸ ਦੇ ਬਹੁਤ ਸਾਰੇ ਲਾਭ ਵੀ ਹਨ ਅਤੇ ਨੁਕਸਾਨ ਵੀ । ਸਿਨੇਮਾ ਦਾ ਸੱਭ ਤੋਂ ਵੱਡਾ ਲਾਭ ਇਹ ਹੈ ਕਿ ਇਹ ਲੋਕਾਂ ਦੇ ਦਿਲ-ਪਰਚਾਵੇ ਦਾ ਇੱਕ ਵਧੀਆ ਤੇ ਸਸਤਾ ਸਾਧਨ ਹੈ। ਸਿਨੇਮਾ ਦਾ ਦੂਜਾ ਵੱਡਾ ਲਾਭ ਇਹ ਹੈ ਕਿ ਇਸ ਰਾਹੀਂ ਅਸੀਂ ਭਿੰਨ-ਭਿੰਨ ਪ੍ਰਕਾਰ ਦੀ ਜਾਣਕਾਰੀ ਪਾਪਤ ਕਰਦੇ ਹਾਂ । ਇਸ ਤੋਂ ਬਿਨਾਂ ਸਿਨਮੇ ਰਾਹੀਂ ਖੇਤੀਬਾੜੀ , ਸਿਹਤ , ਪਰਿਵਾਰ ਭਲਾਈ , ਸੁਰੱਖਿਆ ਤੇ ਵਿੱਦਿਆ ਦੇ ਮਹਿਕਮੇ, ਲੋਕਾਂ ਤੇ ਵਿਦਿਆਰਥੀਆਂ ਨੂੰ ਭਿੰਨ-ਭਿੰਨ ਪ੍ਰਕਾਰ ਦੀ ਜਾਣਕਾਰੀ ਦਿੰਦੇ ਹਨ ।

ਸਿਨਮੇ ਦਾ ਦੇਸ਼ ਦੀ ਵਿੱਦਿਅਕ ਉਨੱਤੀ ਵਿੱਚ ਕਾਫੀ ਹਿੱਸਾ ਹੈ । ਸਿਨਮੇ ਤੋਂ ਵਪਾਰੀ ਲੋਕ ਕੰਮ ਕਰ ਕੇ ਆਪਣੇ ਪੇਟ ਪਾਲ ਰਹੇ ਹਨ ।

(ੳ) ਅੱਜ ਕੱਲ ਨਵੀਆਂ ਫਿਲਮਾਂ ਦਾ ਆਨੰਦ ਕਿੱਥੇ ਬੈਠ ਕੇ ਲਿਆ ਜਾ ਸਕਦਾ ਹੈ?

(ਅ) ਸਿਨਮੇ ਦਾ ਸਭ ਤੋਂ ਵੱਡਾ ਲਾਭ ਕਿਹੜਾ ਹੈ ?

(ੲ) ਸਾਨੂੰ ਭਿੰਨ-ਭਿੰਨ ਪ੍ਰਕਾਰ ਦੀ ਜਾਣਕਾਰੀ ਕਿੱਥੋਂ ਪ੍ਰਾਪਤ ਹੁੰਦੀ ਹੈ ?

(ਸ) ਸਿਨਮੇ ਤੋਂ ਕਿਹੜੇ ਲੋਕ ਲਾਭ ਉਠਾਉਂਦੇ ਹਨ ?

(ਹ) ਵਰਤਮਾਨ ਮਨੁੱਖੀ ਮਨੋਰੰਜਨ ਦਾ ਪ੍ਰਮੁੱਖ ਸਾਧਨ ਕਿਹੜਾ ਰਿਹਾ ਹੈ ?

ਪ੍ਰਸ਼ਨ2: ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਖਾਲੀ ਥਾਵਾਂ ਭਰੋ: (10)

ਭਾਰਤ ਦੀ ਧਰਤੀ ਉੱਤੇ ਅਨੇਕਾਂ ਮਹਾਂਪੁਰਸ਼ਾਂ , ਗੁਰੂਆਂ, ਰਿਸ਼ੀਆਂ, ਮੁਨੀਆਂ ਨੇ ਅਵਤਾਰ ਧਾਰਿਆ ਤੇ ਇਸ ਦੇ ਨਾਲ ਅਜਿਹੇ ਮਹਾਨ ਸਪੂਤ ਪੈਦਾ ਹੋਏ ਜਿਨ੍ਹਾਂ ਨੇ ਸਾਰੀ ਉਮਰ ਮਨੁੱਖਤਾ ਦੀ ਭਲਾਈ ਲਈ ਲਗਾ ਦਿੱਤੀ । ਇਹਨਾਂ ਮਹਾਂਪੁਰਸ਼ਾਂ ਵਿੱਚੋਂ ਡਾਕਟਰ ਭੀਮ ਰਾਓ ਅੰਬੇਦਕਰ ਇਕ ਮਹਾਨ ਵਿਅਕਤੀ ਹੋਏ ਹਨ ਜਿਨ੍ਹਾਂ ਨੇ ਭਾਰਤ ਦਾ ਸੰਵਿਧਾਨ ਤਿਆਰ ਕੀਤਾ ਅਤੇ ਮਨੁੱਖਾਂ ਦੇ ਅਧਿਕਾਰਾਂ ਲਈ ਜੀ-ਜਾਨ ਨਾਲ ਸੰਘਰਸ਼ ਕੀਤਾ । ਆਪ ਨੇ ਦਲਿਤਾਂ ਅਤੇ ਪਛੜੀ ਜਾਤੀ ਦੇ ਵਰਗਾਂ ਲਈ ਅਨੇਕ ਸੁਧਾਰ ਕੀਤੇ ।

ਇਸ ਮਹਾਨ ਸਪੂਤ ਦਾ ਜਨਮ 14 ਅਪ੍ਰੈਲ, 1873ਈ: ਨੂੰ ਮਹਾਂਰਾਸ਼ਟਰ ਦੇ ਜ਼ਿਲ੍ਹੇ ਰਤਨਾਗਿਰੀ ਵਿੱਚ ਹੋਇਆ । ਆਪ ਦੇ ਪਿਤਾ ਦਾ ਨਾਂ ਸ਼੍ਰੀ ਰਾਜ ਜੀ ਮੇਲ ਸਦਪਾਲ ਅਤੇ ਆਪ ਦੀ ਮਾਤਾ ਦਾ ਨਾਂ ਸ਼੍ਰੀਮਤੀ ਭੀਮਾ ਬਾਈ ਸੀ । ਆਪ ਦੇ ਬਚਪਨ ਦਾ ਨਾਂ 'ਭੀਮ' ਸੀ ਤੇ 'ਭੀਮ ਸਦਪਾਲ' ਦੇ ਨਾਂ ਨਾਲ ਜਾਣੇ ਜਾਂਦੇ ਸੀ। ਆਪ ਦੇ ਘਰ ਦੀ ਹਾਲਤ ਚੰਗੀ ਨਹੀਂ ਸੀ ਤੇ ਆਪਨੇ ਗਰੀਬੀ ਦਾ ਜੀਵਨ ਗੁਜ਼ਾਰਿਆ ।

**ਖਾਲੀ ਥਾਵਾਂ ਭਰੋ :-**

(ੳ) ਆਪਨੇ _______ ਦਾ ਜੀਵਨ ਗੁਜ਼ਾਰਿਆ ।
(ਅ) ਆਪ ਦੇ ਪਿਤਾ ਦਾ ਨਾਂ ਸ਼੍ਰੀ _______ ਜੀ ਮੇਲ ਸਦਪਾਲ ਸੀ ।
(ੲ) ਆਪ ਦੇ ਬਚਪਨ ਦਾ ਨਾਂ _______ ਸੀ ।
(ਸ) ਆਪ ਨੇ ਦਲਿਤਾਂ ਅਤੇ _______ ਦੇ ਵਰਗਾਂ ਲਈ ਅਨੇਕ ਸੁਧਾਰ ਕੀਤੇ।
(ਹ) ਆਪ ਨੇ ਭਾਰਤ ਦਾ _______ ਤਿਆਰ ਕੀਤਾ ।

**ਵਾਕ ਬਣਾਓ:**

(ੳ) ਮਹਾਨ (ਅ) ਜਨਮ (ੲ) ਭਾਰਤ
(ਸ) ਸੁਧਾਰ (ਹ) ਸਪੂਤ

## ਭਾਗ-ਅ

**ਪ੍ਰਸ਼ਨ3: ਕਿਸੇ ਇੱਕ ਵਿਸੇ ਤੇ ਲੇਖ ਲਿਖੋ :** (10)

ਲੇਖ - ਸ਼੍ਰੀ ਗੁਰੂ ਨਾਨਕ ਦੇਵ ਜੀ

ਜਾਂ

ਕਹਾਣੀ - ਨਕਲਚੀ ਬਾਂਦਰ

**ਪ੍ਰਸ਼ਨ4: ਆਪਣੇ ਸਕੂਲ ਦੇ ਮੁੱਖ ਅਧਿਆਪਕ ਜੀ ਨੂੰ ਜੁਰਮਾਨਾ ਮਾਫੀ ਲਈ ਬਿਨੈ-ਪੱਤਰ ਲਿਖੋ ।** (10)

**ਜਾਂ**

**ਆਪਣੇ ਪਿਤਾ ਜੀ ਕੋਲੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ ।**

**ਪ੍ਰਸ਼ਨ5: ਵਿਸਾਖੀ ਦੇ ਮੇਲੇ ਬਾਰੇ 5 ਵਾਕ ਲਿਖੋ ।** (5)

## ਭਾਗ-ੲ (ਵਿਆਕਰਨ)

**ਪ੍ਰਸ਼ਨ6: ਖਾਲੀ ਥਾਵਾਂ ਭਰੋ :** (5)

(ੳ) ਸਾਡੀ ਮਾਂ ਬੋਲੀ _______ ਹੈ ।
(ਅ) ਭਾਸ਼ਾ ਜਾਂ ਬੋਲੀ _______ ਕਿਸਮਾਂ ਦੀ ਹੁੰਦੀ ਹੈ ।
(ੲ) _______ ਤੋਂ ਸਾਨੂੰ ਸ਼ਬਦਾਂ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ ।
(ਸ) ਵਿਆਕਰਨ ਦੇ _______ ਅੰਗ ਹੁੰਦੇ ਹਨ ।
(ਹ) ਜਿਨ੍ਹਾਂ ਸ਼ਬਦਾਂ ਦੇ ਅਰਥ ਹੁੰਦੇ ਹਨ, ਉਨ੍ਹਾਂ ਨੂੰ _______ ਸ਼ਬਦ ਆਖਦੇ ਹਨ ।

**ਪ੍ਰਸ਼ਨ7: ਵਚਨ ਬਦਲੋ :-** (2)

(ੳ) ਵਸਤੂ (ਅ) ਕੁੱਤਾ (ੲ) ਵਾਜਾ (ਸ) ਕਾਪੀ

**ਪ੍ਰਸ਼ਨ8: ਲਿੰਗ ਬਦਲੋ :** (2)

(ੳ) ਨੌਕਰ (ਅ) ਸਰਦਾਰ (ੲ) ਰਾਜਾ (ਸ) ਬੱਦਲ

**ਪ੍ਰਸ਼ਨ9: ਮੁਹਾਵਰਿਆਂ ਦੇ ਅਰਥ ਦੱਸ ਕੇ ਵਾਕ ਬਣਾਓ :** (4)

(ੳ) ਤਿੱਤਰ ਹੋਣਾ (ਅ) ਸਾਹ ਸੁੱਕਣਾ

**ਪ੍ਰਸ਼ਨ10: ਠੀਕ ਜਾਂ ਗਲਤ ਦਾ ਨਿਸ਼ਾਨ ਲਗਾਓ:** (2)

(ੳ) ਵਿਆਕਰਨ ਦੀ ਭਾਸ਼ਾ ਵਿੱਚ ਜ਼ਰੂਰਤ ਨਹੀਂ ਹੁੰਦੀ ।
(ਅ) ਹਿੰਦੀ ਨੂੰ ਅੰਤਰ ਰਾਸ਼ਟਰੀ ਭਾਸ਼ਾ ਮੰਨਿਆ ਜਾਂਦਾ ਹੈ ।

ਪ੍ਰਸ਼ਨ11: ਪੜਨਾਂਵ ਕਿਸਨੂੰ ਆਖਦੇ ਹਨ? ਇਸਦੀਆਂ ਕਿੰਨੀਆਂ ਕਿਸਮਾਂ ਹਨ? (5)

## ਭਾਗ - ਸ (ਪਾਠ-ਪੁਸਤਕ)

ਪ੍ਰਸਨ12: ਹੇਠ ਲਿਖੇ ਸ਼ਬਦਾਂ ਦੇ ਅਰਥ ਦੱਸ ਕੇ ਵਾਕ ਬਣਾਓ: (3)

(ੳ) ਨਿਰਾਸ਼ (ਅ) ਨੁਕਸਾਨ (ੲ) ਫਿਕਰ

ਪ੍ਰਸ਼ਨ13: ਖਾਲੀ ਥਾਵਾਂ ਭਰੋ :- (3)

(ੳ) ਅਨੂਪ ਸਿੰਘ ਇੱਕ _______ ਕਿਸਾਨ ਸੀ ।
(ਅ) ਬੁੱਢਾ ਆਦਮੀ _______ ਦੇ ਸਹਾਰੇ ਤੁਰ ਰਿਹਾ ਸੀ ।
(ੲ) ਨਹਾਉਣ ਨਾਲ ਸਰੀਰ ਦਾ ਗੰਦਾ _________ ਬਾਹਰ ਨਿਕਲਦਾ ਹੈ ।

ਪ੍ਰਸ਼ਨ14 ਸੰਖੇਪ ਉਤੱਰ ਦਿਓ: (4)

(ੳ) ਰੋਮੀ ਅਤੇ ਅਮਨ ਦਾ ਨਹਾਉਣ ਨੂੰ ਦਿਲ ਕਿਉਂ ਨਹੀਂ ਸੀ ਕਰਦਾ ?
(ਅ) ਮਾਪਿਆਂ ਨੇ ਆਪਣੇ ਪੁੱਤਰ ਦਾ ਕੀ ਨਾਂ ਰੱਖਿਆ ?
(ੲ) ਅਨੂਪ ਦੇ ਬੱਚਿਆਂ ਦੇ ਨਾਂ ਕੀ-ਕੀ ਸਨ?
(ਸ) ਊਧਮ ਸਿੰਘ ਦਾ ਜਨਮ ਕਿੱਥੇ ਹੋਇਆ ?

ਪ੍ਰਸ਼ਨ15: ਵੱਡੇ ਪ੍ਰਸ਼ਨ : (6)

(ੳ) ਅਨੂਪ ਸਿੰਘ ਕਿਸ ਤਰਾਂ ਦਾ ਕਿਸਾਨ ਸੀ ?
(ਅ) ਰਥਵਾਨ ਚੰਨੇ ਨੇ ਨੰਗੇ ਸਰੀਰ ਵਾਲੇ ਬੰਦੇ ਬਾਰੇ ਕੀ ਦੱਸਿਆ ?
(ੲ) ਇੱਕ ਦਿਨ ਸ਼ੇਰਨੀ ਨੇ ਗਿੱਦੜ ਦੇ ਬੱਚੇ ਨੂੰ ਕੀ ਕਿਹਾ ?

ਪ੍ਰਸ਼ਨ16: ਮਹਾਤਮਾ ਬੱਧ ਬਾਰੇ ਕੋਈ ਵਾਕ ਲਿਖੋ । (4)

ਜਾਂ

'ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ' ਕਹਾਣੀ ਦਾ ਸਾਰ ਲਿਖੋ

ਪ੍ਰਸ਼ਨ17: ਨਵੇਂ ਸ਼ਬਦ : (5)

(ੳ) ਸੰਜਮ (ਅ) ਬਿਰਧ (ੲ) ਗੱਭਰੂ
(ਸ) ਸੰਝ (ਹ) ਪ੍ਰਸੰਨ